# ਯੀਸ਼ੂ ਨੇ ਬਹੱਤਰ ਪ੍ਰਚਾਰ ਕਰਨ ਵਾਲਿਆਂ ਨੂੰ ਭੇਜਿਆ

ਬੱਚਿਆਂ ਨੂੰ ਇਹਦੀ ਸਿੱਖਿਆ ਦਿਉ ਕਿ ਕਿੰਨਾ ਜਰੂਰੀ ਹੈ, ਦੂਜਿਆ ਜਗ੍ਹਾਂਵਾਂ ਤੇ ਜਾ ਕੇ ਚੇਲੇ ਬਣਾਉਣਾ।



**ਪ੍ਰਾਥਨਾ,** ''ਪਰਮੇਸ਼ਵਰ ਸਾਡੀ ਮੱਦਦ ਕਰ ਕਿ, ਅਸੀਂ ਸੁ ਸਮਾਚਾਰ ਨੂੰ ਉਨ੍ਹਾਂ ਜਗਾਵਾਂ ਤੇ ਲੈਕੇ ਜਾਈਏ, ਜਿਥੇ ਹਾਲੇ ਤੱਕ ਲੋਕਾਂ ਨੂੰ ਨਹੀ ਪਤਾ ਕਿ ਯੀਸ਼ੂ ਉਨ੍ਹਾਂ ਦੇ ਪਾਪਾਂ ਨੂੰ ਮਾਫ ਕਰਦੇ ਅਤੇ ਉਨ੍ਹਾਂ ਦੀ ਜੀਵਨ ਵਿੱਚ ਆਨੰਦ ਲੈ ਕੇ ਆਉਂਦਾ ਹੈ।

ਬੱਚਿਆਂ ਲਈ ਉਹ ਚੀਜ਼ਾਂ ਚੁਣੋ ਜਿਹੜੀਆਂ ਉਨ੍ਹਾਂ ਦੀ ਉਮਰ ਅਤੇ ਜ਼ਰੂਰਤ ਵਿੱਚ ਸਹੀ ਲਗਦੀਆਂ ਹਨ।

ਲੂਕਾਂ 10:1–20 ਵਿੱਚੋ ਪੜ੍ਹੋ ਕਿਵੇਂ ਯੀਸ਼ੂ ਨੇ ਆਪਣੇ ਬਹੱਤਰ 72 ਚੇਲਿਆਂ ਨੂੰ ਭੇਜਿਆ ਕਿ ਉਹ ਪਰਮੇਸ਼ਵਰ ਦੇ ਰਾਜ ਦਾ ਐਲਾਨ ਕਰਨ। ਇਹ ਦਿਖਾਉਂਦਾ ਹੈ ਕਿ ਯੀਸ਼ੂ ਉਨ੍ਹਾਂ ਨੂੰ ਛੋਟਿਆਂ ਸਮੂੰਹਾਂ: ਵਿੱਚ ਸਿਖਾਂਦਾ ਸੀ। ਉਹਦੀ ਸੇਵਕਾਰੀ ਨੂੰ ਕਿਵੇ ਲੈ ਕੇ ਜਾਣਾ ਹੈ, ਸੋ ਇਸ ਕਰਕੇ ਸ਼ੁੱਭ ਸੰਦੇਸ਼ ਸੰਸਾਰ ਦੇ ਸਾਰਿਆ ਦੇਸ਼ਾ ਵਿੱਚ ਪਹੁੰਚੇਗਾ।

ਹੁਣ ਅਧਿਆਪਕ ਜਾ ਕੋਈ ਵੱਡਾ ਬੱਚਾ ਲੂਕਾਂ 10:1–20 ਵਿੱਚ ਕਹਾਣੀ ਯਾਦ ਕਰਕੇ ਦੂਹਰਾਏ।

ਇਹ ਪ੍ਰਸ਼ਨਾ ਨੂੰ ਪੁੱਛੋ (ਹਰੇਕ ਪ੍ਰਸ਼ਨ ਤੋਂ ਆਇਤ ਵੀ ਉੱਤਰ ਵਾਸਤੇ ਦਿੱਤੀ ਗਈ ਹੈ)

- ਹਰੇਕ ਸਮੂੰਹ ਵਿੱਚ ਕਿੰਨੇ ਜਣੇ ਗਏ? *(ਆਇਤਾਂ ਉਹ ਉਨ੍ਹਾਂ ਨੂੰ ਦੋ ਦੋ ਕਰਕੇ ਭੇਜਿਆ)*
- ਸੋ ਉਨ੍ਹਾਂ ਨੇ ਸ਼ਭ ਤੋਂ ਪਹਿਲਾਂ ਕੀ ਕਰਨ ਲਈ ਪ੍ਰਾਥਨਾ ਕੀਤੀ? *(2)*
- ਕੀ ਉਹ ਨਰਮ ਸੁਭਾ ਨਾਲ ਗਏ ਜਾਂ ਆਤਮਾ ਵਿੱਚ ਲੜਦੇ ਹੋਏ? *(3)*
- ਉਨ੍ਹਾਂ ਨੇ ਕਿੰਨੇ ਤਰ੍ਹਾਂ ਦੇ ਸਾਜ਼ ਸਮਾਨ ਲਏ? *(4 ਯੀਸ਼ੂ ਚਾਹੁੰਦਾ ਸੀ ਕਿ ਜਿੰਨ੍ਹਾਂ ਥੋੜੇ ਉਹ ਲੈ ਕੇ ਜਾਂ ਸੱਕਣ ਉਹ ਲੈਣ, ਵਸਤੂਆਂ ਦੀ ਬਜਾਏ, ਉਹ ਖੁਦਾਂ ਤੇ ਭਰੋਸਾ ਰੱਖਣ)*
- ਕਿ ਉਨ੍ਹਾਂ ਨੇ ਉਨ੍ਹਾਂ ਮਿੱਤਰਾਂ ਦੇ ਕੋਲ ਜਾਣਾ ਛੱਡ ਦਿੱਤਾ, ਜਿਹੜੇ ਉਨ੍ਹਾਂ ਨੂੰ ਰਾਹ ਵਿੱਚ ਮਿੱਲੇ? *(ਆਇਤ 4)*
- ਕਿ ਉਹ ਲਗਾਤਾਰ ਉਸੇ ਮਨੁੱਖ ਦੇ ਘਰ ਜਾਂਦੇ ਸਨ, ਜਿਹੜਾ ਉਨ੍ਹਾਂ ਦਾ ਸਤਿਕਾਰ ਬੜੀ ਸ਼ਾਂਤੀ ਨਾਲ ਕਰਦਾ ਸੀ? *(5–8)*
- ਉਨ੍ਹਾਂ ਨੇ ਉਹ ਦੋ ਚੀਜ਼ਾਂ ਕਿਹੜੀਆ ਕਰਨੀਆ ਸਨ, ਜਦੋਂ ਉਹ ਲੋਕਾਂ ਕੋਲ ਜਾਂਦੇ ਸਨ? *(9)*
- ਯੀਸ਼ੂ ਨੇ ਕੀ ਕਰਨ ਲਈ ਆਖਿਆ, ਜਿਥੇ ਲੋਕ ਸ਼ੁੱਭ ਸੰਦੇਸ਼ ਨੂੰ ਨਹੀ ਮੰਨਦੇ? *(10–11)*
- ਜਦੋਂ ਚੇਲਿਆ ਨੇ ਯੀਸ਼ੂ ਦੇ ਹੁੱਕਮਾ ਦੀ ਪਾਲਨਾ ਕੀਤੀ ਤਾਂ ਸੈਤਾਨ ਸ਼ਕਤੀ ਨਾਲ ਕੀ ਵਾਪਰਿਆ? *(18)*
- ਯੀਸ਼ੂ ਨੇ ਕਿਹੜੀ ਗੱਲ ਦੱਸੀ, ਜਿਹੜੀ ਸ਼ੈਤਾਨ ਨੂੰ ਬੰਨਣ ਤੋਂ ਵੀ ਜਿਆਦਾ ਜ਼ਰੂਰੀ ਸੀ? *(20)*

ਬਹੱਤਰ ਧਰਮ ਦਾ ਪ੍ਰਚਾਰ ਕਰਨ ਵਾਲਿਆਂ ਦੀ ਕਹਾਣੀ ਦਾ ਨਾਟਕ ਤਿਆਰ ਕਰੋ। ਮੁੱਖ ਕਲੀਸੀਆਂ ਦੇ ਅਰਾਧਨਾ ਦੇ ਅਗੂਵੇ ਨਾਲ ਮਿਲ ਕੇ ਬੱਚਿਆਂ ਨੂੰ ਇਹ ਨਾਟਕ ਪੇਸ਼ ਕਰਨ ਲਈ ਪ੍ਰਬੰਧ ਕਰੋ। ਵੱਡੇ ਬਦੇ ਛੋਟਿਆਂ ਨੂੰ ਤਿਆਰ ਕਰਨ ਵਿੱਚ ਸਹਾਇਤਾ ਕਰਨ।

- ਵੱਡੇ ਬੱਚੇ ਜਾਂ ਬਾਲਿਗਾਂ ਇਹ ਹਿੱਸੇ ਕਰਨ, ਯੀਸ਼ੂ, ਵੈਰੀ ਅਤੇ ਵਾਚਕ। ਇਹ ਜਿਆਦਾ ਚੰਗਾ ਹੈ, ਜੇਕਰ ਕੋਈ ਵੱਡਾ, ਵੈਰੀ ਦਾ ਹਿੱਸਾ ਕਰੇ।
- ਛੋਟਿਆਂ ਬੱਚਿਆਂ ਨੂੰ ਇਹ ਹਿੱਸੇ ਕਰਨ ਲਈ ਦਿਉ, ਧਰਮ ਪਰਚਾਰਿਕ ਅਤੇ ਲੋਕ।

**ਵਾਚਕ:** ਲੂੱਕਾਂ 10:1–6 ਵਿੱਚੋ ਕਹਾਣੀ ਦਾ ਪਹਿਲਾ ਹਿੱਸਾ ਦੱਸੇ, ਤਦ ਆਖੇ, ''ਸੁੱਣੋ ਯੀਸ਼ੂ ਆਪਣੇ ਚੇਲਿਆਂ ਨੂੰ ਕੀ ਕਹਿੰਦਾ ਹੈ, ਉਹਦੇ ਤੋਂ ਬਾਦ ਜਦੋ ਪਰਮੇਸ਼ਵਰ ਨੇ ਬਾਹਰ ਕੰਮ ਕਰਨ ਵਾਸਤੇ ਭੇਜਣ ਲਹੀ ਕਿਹਾ।''

**ਯੀਸ਼ੂ** ''ਦੋ ਦੇ ਸਮੂੰਹਾਂ ਵਿੱਚ ਜਾਉ। ਬੜੇ ਸਾਵਧਾਨ ਰਹੋ, ਲੇਲਿਆਂ ਵਾਂਗ ਬੁਘਿਆੜਾਂ ਨਾਲ, ਸ਼ੁੱਭ ਸਮਾਚਾਰ ਨੂੰ ਦੱਸੋ, ਬੀਮਾਰਾਂ ਨੂੰ ਚੰਗੇ ਕਰੋ, ਹਰੇਕ ਸ਼ਹਿਰ ਵਿੱਚ ਜਾ ਕੇ ਦੱਸੋ ਕਿ ਮੈਂ ਜਲਦ ਹੀ ਆਉਣ ਵਾਲਾ ਹਾਂ। ਪਰਮੇਸ਼ਵਰ ਦਾ ਰਾਜ ਤੁਹਾਡੇ ਨੇੜੇ ਆ ਗਿਆ ਹੈ।''

**ਚੇਲੇ:** ''ਸਾਨੂੰ ਆਪਣੇ ਨਾਲ ਕੀ ਲੈ ਕੇ ਜਾਣਾ ਚਾਹੀਦਾ ਹੈ?''

**ਯੀਸ਼ੂ:** ''ਉਨਾ ਲਉ, ਜਿੰਨ੍ਹਾਂ ਘੱਟ ਤੋਂ ਘੱਟ ਹੋ ਸਕੇ। ਛੇਤੀ ਕਰੋ, ਰਾਹ ਵਿੱਚ ਕਿਸੇ ਕੋਲ ਨਾ ਜਾਉ। ਇਹ ਸੁਨੇਹਾ ਬੜਾ ਜ਼ਰੂਰੀ ਹੈ।''

**ਚੇਲੇ,** ''ਅਸੀ ਕਿੱਥੇ ਰਹਾਗੇ?''

**ਯੀਸ਼ੂ** ''ਇੱਕ ਸ਼ਾਂਤੀ ਨਾਲ ਰਹਿਣ ਵਾਲੇ ਬੰਦੇ ਨੂੰ ਲੱਭੋ। ਉਦੋ ਤੱਕ ਉਹਦੇ ਨਾਲ ਰਹੋ ਜਦੋਂ ਤੱਕ ਤੁਸੀਂ ਉਸ ਸ਼ਹਿਰ ਵਿੱਚ ਹੋ। ਉਹਦਾ ਹੀ ਖਾਣਾ ਖਾਉ।''

**ਚੇਲੇ:** ''ਜੇਕਰ ਲੋਕ ਸਾਡੇ ਕਹਿਣਾ ਨਹੀ ਮੰਨਦੇ ਤਾਂ ਸਾਨੂੰ ਕੀ ਕਰਨਾ ਚਾਹੀਦਾ ਹੈ?''

**ਯੀਸ਼ੂ:** ''ਜੇਕਰ ਤੁਸੀ ਸੁਨੇਹੇ ਨੂੰ ਸਾਫ ਸਾਫ ਬਣਾਇਆ ਹੈ ਅਤੇ ਉਹ ਫਿਰ ਵੀ ਤੁਹਾਡੀ ਨਹੀ ਮੰਨਦੇ, ਤਾਂ ਤੁਸੀਂ ਕਿਸੇ ਹੋਰ ਜਗ੍ਹਾ ਤੇ ਚਲੇ ਜਾਣਾ।''

**ਚੇਲੇ:** ਦੋ ਜਣੇ ਜਾਣ ਅਤੇ ਇਸ ਤਰ੍ਹਾਂ ਚੀਜ਼ਾਂ ਬਾਰੇ ਕਹਿਣ ''ਸ਼ੁੱਭ ਸਦੇਸ਼ ਨੂੰ ਸੁਣੋ। ਇਹ ਸਾਡੀਆਂ ਜਿੰਦਗੀਆਂ ਨੂੰ ਬਦਲ ਸਕਦਾ ਹੈ।'' ''ਯੀਸ਼ੂ ਦੇ ਨਾਮ ਵਿੱਚ ਚੰਗੇ ਹੋ ਜਾਉ।''

''ਪਰਮੇਸ਼ਵਰ ਦੀ ਮਾਫੀ ਨੂੰ ਸਾਡੇ ਮਸ਼ੀਹ ਯੀਸ਼ੂ ਦੇ ਨਾਮ ਵਿੱਚ ਲੈ ਲਉ।''

**ਵੈਰੀ:** ਮੇਰਾ ਵੈਰੀ ਹੈ। ਮੈਂ ਸਾਰਿਆਂ ਮਨੁੱਖਾਂ ਨੂੰ ਨਫਰਤ ਕਰਦਾ ਹਾਂ। ਚੇਲਿਆਂ ਦੇ ਪਿੱਛੇ ਚੇਲੇ ਤੇ ਆਪਣੇ ਸਬਦਾਂ ਵਿੱਚ ਆਖਣ। ਦੋ ਦੋ ਦੇ ਸਮੂੰਹਾਂ ਵਿੱਚ ਨਾ ਜਾਉ, ਇੱਕਜੁੱਟ ਹੋ ਕੇ ਵੱਡੇ ਸਮੂੰਹ ਵਿੱਚ ਰਹੋ, ਇਹਦੇ ਵਿੱਚ ਜਿਆਦਾ ਸੁਰੱਖਿਆ ਹੈ।''

''ਆਪਣੇ ਨਾਲ ਬਹੁਤ ਜਿਆਦਾ ਸਾਜ ਬਾਜ ਦਾ ਸਮਾਨ ਲੈ ਲਉ। ਇਸ ਨਾਲ ਲੋਕਾਂ ਉੱਤੇ ਜਿਆਦਾ ਅਸਰ ਹੋਵੇਗਾ।''

''ਆਪਣੇ ਲਈ ਬਹੁਤ ਜਿਆਦਾ ਖਾਣਾ ਲੈ ਲਉ।''

''ਰਾਹ ਵਿੱਚ ਆਉਣ ਵਾਲੇ ਸਾਰੇ ਮਿੱਤਰਾਂ ਕੋਲ ਜਾਉ।''

''ਸਿਰਫ ਇੱਕ ਹੀ ਘਰ ਵਿੱਚ ਨਾ ਰਹੋ। ਉਹ ਲੱਭੋ, ਜਿਥੇ ਜਿਆਦਾ ਚੰਗਾ ਖਾਣਾ ਮਿਲਦਾ ਹੈ।''

''ਜੇਕਰ ਉਹ ਤੁਹਾਡੇ ਸੁਨੇਹੇ ਨੂੰ ਨਹੀ ਮੰਨਦੇ, ਤਾਂ ਛੱਡ ਨਾ ਦਿਉ, ਉਨ੍ਹਾਂ ਨੂੰ ਲਗਾਤਾਰ ਧੱਕੇ (ਜੋਰ ਜਬਰਦਸ਼ਤੀ) ਨਾਲੇ ਦਸਦੇ ਰਹੋ।''

''ਇਹ ਚੰਗਾ ਨਹੀ ਹੋਏਗਾ ਕਿ ਹਰੇਕ ਸ਼ੁੱਭ ਸੰਦੇਸ਼ ਨੂੰ ਦੋ ਵਾਰ ਸੁਣੇ, ਪਹਿਲਾ ਹਰੇਕ ਇਹਨੂੰ ਸੁਣ ਲਵੇ, ਇੱਕ ਵਾਰ। ਸੋ ਇਹ ਬੜਾ ਸਾਧਾਰਣ ਹੈ ਕਿ ਸ਼ੁਭ ਸੰਦੇਸ਼ ਨੂੰ ਸ਼ਹਿਰ ਦੇ ਹਰ ਇੱਕ ਦਰਵਾਜੇ ਤੇ ਲੈ ਕੇ ਜਾਇਆ ਜਾਵੇ।''

**ਚੇਲੇ:** ਜਿਵੇਂ ਵੈਰੀ ਨੇ ਉਨ੍ਹਾਂ ਚੀਜ਼ਾਂ ਨੂੰ ਆਖਿਆ ਹੈ, ਯੀਸ਼ੂ ਨੂੰ ਮਿਲਾ ਕੇ - ਵਿਰੋਧੀ ਨਿਰਦੇਸ਼ਾਂ ਨੂੰ।

**ਵਾਚਕ:** ਲੂੱਕਾਂ 10:17-23 ਵਿੱਚ ਕਹਾਣੀ ਦਾ ਦੂਜਾ ਭਾਗ ਦੱਸੋ, ਤੱਦ ਆਖੇ, ''ਸੁਣੋ ਚੇਲੇ ਕੀ ਕਹਿੰਦੇ ਨੇ ਯੀਸ਼ੂ ਨੂੰ, ਜਦੋਂ ਉਹ ਵਾਪਸ ਆਉਦੇ ਹਨ।''

**ਚੇਲੇ:** ''ਪ੍ਰਭੂ ਯੀਸ਼ੂ, ਅਸੀਂ ਬੜੇ ਆਨੰਦ ਵਿੱਚ ਹਾਂ। ਤਹਾਡਾ ਨਾਂ ਬੜਾ ਸ਼ਕਤੀਸ਼ਾਲੀ ਹੋ! ਅਸੀ ਤੁਹਾਡੇ ਅਧਿਕਾਰ ਦਾ ਇਸਤਮਾਲ ਕਰਕੇ ਲੋਕਾਂ ਨੂੰ ਚੰਗਾ ਕੀਤਾ। ਆਪਣੀ ਸ਼ਕਤੀ ਸਾਨੂੰ ਦੇਣ ਲਈ ਤੁਹਾਡਾ ਧੰਨਵਾਦ। ਅਸੀ ਤਾਂ ਦੁਸ਼ਟ ਮੁਕਤੀਆਂ ਨੂੰ ਵੀ ਬੰਨ ਦਿਤਾ।''

**ਯੀਸ਼ੂ:** ''ਸ਼ਕਤੀਸ਼ਾਲੀ ਹੋਣ ਬਾਰੇ ਵਿੱਚ ਜਿਆਦਾ ਆਨੰਦ ਵਿੱਚ ਨਾ ਹਰੋ। ਪਰ ਉਨਾ ਤੁਹਾਡੇ ਨਾਵਾ ਕਾਰਨ ਜਿਹੜੇ ਸੁਰਗ ਵਿੱਚ ਲਿਖੇ ਗਏ ਹਨ।''

(ਪ੍ਰਾਥਨਾ) ''ਪਿਤਾ ਮੈ ਤੁਹਾਡੀ ਸੁਤਤਿ ਕਰਦਾ ਹਾ ਇੰਨਾ ਆਦਮੀਆ ਦੁਆਰਾ ਕੰਮ ਕਰਨ ਵਿੱਚ, ਜਿਹੜੀ ਕਿ ਬਹੁਤ ਹੀ ਬੱਚਿਆਂ ਵਾਗ ਕਮਜੋਰ ਹਨ, ਮੈ ਆਪਣੀ ਸ਼ਕਤੀ ਨੂੰ ਉਨਾ ਨੂੰ ਦਿੱਤਾ ਹੈ ਅਤੇ ਉਨਾ ਨੂੰ ਉਹ ਸਚਾਈ ਦਿੱਤੀ ਜਿਹੜੀ ਤੁਸੀ ਮੈਨੂੰ ਕਰਨ ਲਈ ਆਖਿਆ ਸੀ।''

**ਵਾਚਕ:** ਹਰੇਕ ਜਿੰਨਾ ਨੇ ਮੱਦਦ ਕੀਤੀ ਉਨਾ ਦਾ ਧੰਨਵਾਦ ਕਰੋ।

ਪ੍ਰਸ਼ਨ ਜੇਕਰ ਬੱਚਿਆਂ ਨੇ ਇਹ ਕਹਾਣੀ ਦਾ ਨਾਟਕ ਬਾਲਿਗਾ ਲਹੀ ਤਿਆਰ ਕੀਤਾ ਹੈ ਤਦ ਉਨਾ ਨੂੰ ਬਾਲਿਗਾ ਤੋਂ ਉਹ ਪ੍ਰਸ਼ਨ ਪੁੱਛਣ ਦਿਉ ਜਿੰਨਾ ਦੀ ਸੂਚੀ ਸਫੇ 1 ਤੇ ਦਿੱਤੀ ਗਈ ਹੈ।

ਬੱਚਿਆਂ ਨੂੰ ਇਕ ਸਧਾਰਨ ਤਸਵੀਰ ਬਨਾਉਣ ਦਿਉ ਕਿ ਦੋ ਆਦਮੀ ਸੜਕ ਤੇ ਤੁਰਦੇ ਹੋਏ। ਬੱਚੇ ਇਹਦੀ ਨਕਲ ਕਰਣ। ਬੱਚਿਆਂ ਨੂੰ ਇਹ ਤਸਵੀਰ ਆਉਣ ਵਾਲੀ ਅਰਾਧਨਾ ਵੇਲੇ ਬਾਲਿਗਾ ਨੂੰ ਦਿਖਾਉਣ ਦਿਉ ਅਤੇ ਇਹ ਸਮਝਾਉਣ ਦਿਉ ਕਿ ਕਿਵੇ ਸਾਨੂੰ ਇੱਕ ਸੁਭ ਸਦੇਸ਼ ਯੀਸ਼ੂ ਬਾਰੇ ਲੋਕਾ ਵਾਸਤੇ ਹੋਰ ਜਗਾਵਾ ਤੇ ਲੈ ਕੇ ਜਾਣਾ ਹੈ।

ਸਲਾਹ ਮਸਵਰਾ ਕਰੋ, ਕਿਵੇ ਸਾਨੂੰ ਲੋਕਾ ਨੂੰ ਸਿੱਖਾਉਣਾ ਹੈ ਯੀਸ਼ੂ ਦੇ ਹੁੱਕਮਾ ਨੂੰ ਮੰਨਣਾ। ਬੱਚਿਆਂ ਨੂੰ ਉਦਾਹਰਨ ਦੇਣ ਦਿਉ।

ਕਵਿਤਾ ਦੌ ਬੱਚੇ ਤੇ ਹਰੇਕ ਇੱਕ ਆਇਤ ਯਨਾਯਾਹ 52–7–8 ਦੁਹਰਾਏ

ਜਾ ਚਾਰ ਬੱਚੇ ਲਉ ਤੇ ਹਰੇਕ ਦੁਹਰਾਏ ਆਇਤ ਯਸਾਯਾਹ 52–7–10 ਵਿੱਚ ਲੈ ਕੇ।

ਵੱਡੇ ਬੱਚੇ ਕਵਿਤਾ, ਗੀਤ ਯੀਸ਼ੂ ਦਾ ਨਾ ਇਸਤਮਾਲ ਕਰਨ ਜਾ ਲੁੱਕਾ ਦੇ ਵਚਨਾ 10:2 ਵਿੱਚ ਲੈਕੇ ਲਿਖਣ ਜਾ ਕੁਝ ਹੋਰ ਆਇਤ ਲੁੱਕਾ 10 ਵਿੱਚੋ।

**ਯਾਦ ਕਰੋ ਮਰਕੁੱਸ 1:15**

**ਪ੍ਰਾਥਨਾ**: ''ਪਿਤਾ ਸਾਡੀ ਮੱਦਦ ਕਰੋ ਕਿ ਅਸੀ ਯੀਸ਼ੂ ਦੇ ਬਾਰੇ ਸ਼ੁਭ ਸੰਦੇਸ਼ ਦੂਜਿਆਂ ਲੋਕਾਂ ਕੋਲ ਲੈਕੇ ਜਾਈਏ। ਸਾਨੂੰ ਸੰਸਾਰ ਦੀਆਂ ਇਨ੍ਹਾਂ ਚੀਜ਼ਾਂ ਤੋਂ ਦੂਰ ਰੱਖ, ਜਿਹੜੀਆਂ ਸਾਡੇ ਧਿਆਨ ਨੂੰ ਵੰਡਾ ਦਿੰਦੀਆਂ ਹਨ। ਸਾਡੀ ਸਹਾਇਤਾ ਕਰ ਕਿ ਅਸੀ ਯੀਸ਼ੂ ਦੇ ਚੇਲਿਆਂ ਦੀ ਉਦਾਹਰਣਾ ਨੂੰ ਮੰਨ ਸਕੀਏ। ਅਸੀਂ ਵੀ ਤੁਹਾਡੇ ਨਾਮ ਨੂੰ ਮਹਿੰਮਾ ਦੇ ਸੱਕੀਏ, ਜਿਵੇਂ ਉਨ੍ਹਾਂ ਨੇ ਕੀਤਾ।''

Copyright 2004 © by Paul-Timothy. May be freely copied. Download from www.Paul-Timothy.net